# 6. ਟੱਪਾ

'ਟੱਪਾ' ਲੋਕ-ਕਾਵਿ ਦੀ ਮਹੱਤਵਪੂਰਨ ਵੰਨਗੀ ਹੈ। ਟੱਪਾ ਇਕਹਿਰੀ ਤੁਕ ਵਾਲਾ ਲੋਕ-ਗੀਤ ਹੈ। ਟੱਪੇ ਨੂੰ ਇੱਕ ਤੁਕੀ ਬੋਲੀ ਜਾਂ ਇਕਹਿਰੀ ਬੋਲੀ ਵੀ ਕਿਹਾ ਜਾਂਦਾ ਹੈ। ਇਸ ਵਿੱਚ ਦੋ ਸਤਰਾਂ ਹੋਣ ਕਰਕੇ ਦੋ ਸਤਰੇ ਟੋਟਕੇ ਵੀ ਕਹਿ ਲਿਆ ਜਾਂਦਾ ਹੈ।

ਟੱਪਾ ਗਿੱਧੇ, ਭੰਗੜੇ ਲੋਕ-ਨਾਚ ਦੇ ਨਾਲ-ਨਾਲ ਆਮ ਜੀਵਨ ਵਿੱਚ ਵੀ ਗਾਇਆ ਜਾਂਦਾ ਹੈ। ਗਿੱਧੇ, ਭੰਗੜੇ ਵਿੱਚ ਟੱਪੇ ਨਵਾਂ ਰੰਗ ਭਰਦੇ ਹਨ। ਇਸ ਨੂੰ ਸਾਧਾਰਨ ਉਚਾਰ ਦੀ ਬਜਾਇ ਦੁਹਰਾ ਕੇ ਗਾਇਆ ਜਾਂਦਾ ਹੈ। ਜਿੰਨੀ ਵਾਰ ਇਸਦਾ ਦੁਹਰਾਉ ਕੀਤਾ ਜਾਂਦਾ ਹੈ , ਬੋਲ ਉਨ੍ਹਾਂ ਹੀ ਤਿੱਖਾ ਤੇ ਕਾਹਲਾ ਹੁੰਦਾ ਜਾਂਦਾ ਹੈ। ਵਿਸ਼ੇ ਤੇ ਨਿਭਾਉ ਪੱਖੋਂ ਇਸ ਵਿੱਚ ਵਿਸ਼ਾਲਤਾ ਦੇਖਣ ਨੂੰ ਮਿਲਦੀ ਹੈ।

ਟੱਪੇ ਵਿੱਚ ਬਿੰਬ ਭਾਵ ਕਿਸੇ ਸ਼ਬਦ ਚਿੱਤਰ ਦੀ ਪ੍ਰਸਤੁਤੀ ਹੋਣ ਕਰਕੇ ਕਾਵਿਕਤਾ ਡੁੱਲ ਡੁੱਲ ਪੈਂਦੀ ਹੈ। ਟੱਪਾ ਅਜਿਹਾ ਲੋਕ ਗੀਤ ਹੈ ਜਿਸਨੂੰ ਲਮਕਵੀਂ / ਦੀਰਘ ਅਤੇ ਲਘੂ ਹੇਕ ਵਿੱਚ ਗਾਇਆ ਜਾ ਸਕਦਾ ਹੈ। ਜਦੋਂ ਇਸਨੂੰ ਨਾਚ ਨਾਲ ਗਾਇਆ ਜਾਂਦਾ ਹੈ ਤਾਂ ਇਸਦੀ ਚਾਲ ਧੀਮੀ ਤੋਂ ਤੇਜ਼ ਹੋ ਜਾਂਦੀ ਹੈ। ਪਰ ਜਦੋਂ ਇਸਨੂੰ ਨਾਚ ਮੁਕਤ ਰੂਪ ਵਿੱਚ ਗਾਇਆ ਜਾਂਦਾ ਹੈ ਤਾਂ ਲਮਕਵੀਂ ਸੁਰ ਤੇ ਦੁਹਰਾਉ ਘੱਟ ਹੁੰਦਾ ਹੈ। ਗਾਉਂਦੇ ਸਮੇਂ ਬੱਲੇ-ਬੱਲੇ ਆਦਿ ਸ਼ਬਦ ਵੀ ਜੋੜ ਲਏ ਜਾਂਦੇ ਹਨ। ਪਹਿਲੀ ਤੁਕ ਵਿੱਚ ਅੱਧਾ ਬਿੰਬ ਉਘੜਦਾ ਹੈ, ਦੂਜੀ ਤੁਕ ਵਿੱਚ ਬਿੰਬ ਨੂੰ ਸੰਪੂਰਨ ਰੂਪ ਦਿੱਤਾ ਜਾਂਦਾ ਹੈ।

ਟੱਪਿਆਂ ਵਿੱਚ ਸਹਿਜਤਾ, ਸੰਜਮਤਾ, ਸਰਲਤਾ, ਤਿੱਖਾਪਣ ਆਦਿ ਲੱਛਣ ਹੁੰਦੇ ਹਨ। ਜੀਵਨ ਦੇ ਅਨੇਕ ਰੰਗ ਇਹਨਾਂ ਵਿੱਚ ਦੇਖਣ ਨੂੰ ਮਿਲਦੇ ਹਨ। ਨਾਚ ਦੇ ਨਾਲ ਗਾਇਆ ਜਾਣ ਕਰਕੇ, ਇਸ ਵਿੱਚ ਅਦਾਕਾਰੀ ਦੇ ਅੰਗ ਵੀ ਸ਼ਾਮਲ ਹੋ ਜਾਂਦੇ ਹਨ। ਸੋ ਇਸਦੀ ਨਾਟਕੀ ਹੋਂਦ ਵਿਧੀ ਇਸ ਲੋਕ ਕਾਵਿ ਰੂਪ ਨੂੰ ਹੋਰ ਨਿਵੇਕਲਾ ਬਣਾਉਂਦੀ ਹੈ। ਟੱਪੇ ਅਖਾਣਾਂ, ਸਿਆਣਪਾਂ ਵਾਂਗ ਨਿੱਤ ਦੇ ਜੀਵਨ ਵਿੱਚ ਰੰਗ ਭਰਦੇ ਹਨ। ਪਾਠ-ਪੁਸਤਕ ਲਈ ਕੁੱਝ ਟੱਪੇ ਵੰਨਗੀ ਵਜੋਂ ਚੁਣੇ ਗਏ ਹਨ :-

- ਅੱਲਾ ਵਾਹਿਗੁਰੂ ਖੁਦਾ ਦਾ ਨਾਮ ਇੱਕ ਹੈ
  ਭਰਮਾਂ 'ਚ ਪੈ ਗੀ ਦੁਨੀਆਂ

- ਤੂੰ ਕਿਹੜਿਆਂ ਰੰਗਾਂ ਵਿੱਚ ਖੇਲ੍ਹੇਂ
  ਮੈਂ ਕੀ ਜਾਣਾ ਤੇਰੀ ਸਾਰ ਨੂੰ

- ਇਹ ਜਗ ਢਲਦਾ ਪਰਛਾਵਾਂ
  ਸੁਪਨੇ ਸਮਾਨ ਜਿੰਦੜੀ

- ਤੇਰਾ ਚੰਮ ਨਾ ਕਿਸੇ ਕੰਮ ਆਵੇ
  ਪਸ਼ੂਆਂ ਦੇ ਹੱਡ ਵਿਕਦੇ

- ਡੁੱਲ ਨੀਵਿਆਂ ਰੁੱਖਾਂ ਨੂੰ ਲਗਦੇ
  ਸਿੰਬਲਾ ਤੂੰ ਮਾਣ ਨਾ ਕਰੀਂ
- ਉੱਥੇ ਅਮਲਾਂ ਦੇ ਹੋਣਗੇ ਨਬੇੜੇ
  ਜਾਤ ਕਿਸੇ ਪੁੱਛਣੀ ਨਹੀਂ
- ਰਾਮ ਨਾਮ ਬੋਲ ਬੰਦਿਆ
  ਤੇਰੇ ਦਮ ਦਾ ਭਰੋਸਾ ਨਾਹੀਂ
- ਗਿੱਧਿਆ ਪਿੰਡ ਵੜ ਵੇ
  ਲਾਂਭ ਲਾਂਭ ਨਾ ਜਾਈਂ
- ਗਿੱਧਿਆਂ 'ਚ ਨੱਚਦੀ ਦਾ
  ਦੇਵੇ ਰੂਪ ਦੁਹਾਈਆਂ
- ਪਾ ਕੇ ਚਾਦਰਾ ਬੂਟੀਆਂ ਵਾਲਾ
  ਮੇਲੇ ਜਾਣਾ ਮੁਕਸਰ ਦੇ
- ਖੂਹਾਂ ਟੋਭਿਆਂ ਤੋਂ ਮਿਲਣੋਂ ਰਹਿਗੇ
  ਵਿਹੜੇ 'ਚ ਲਵਾ ਕੇ ਨਲਕੇ
- ਮੁੰਡੇ ਮਰਗੇ ਕਮਾਈਆਂ ਕਰਦੇ
  ਲੱਛੀ ਤੇਰੇ ਬੰਦ ਨਾ ਬਣੇ
- ਬੜਾ ਲੁੱਟਿਆ ਫਰੰਗੀ ਸਾਨੂੰ
  ਹੁਣ ਸਾਡੀ ਅੱਖ ਖੁੱਲ੍ਹ ਗਈ
- ਪਾਰ ਸੰਮੁਦਰਾਂ ਦੇ
  ਜਾ ਕੇ ਪੁੱਤ ਮਾਵਾਂ ਦੇ ਲੜਦੇ
- ਜਦੋਂ ਛੱਡਗੀ ਦੇਸ ਦੁਆਬਾ
  ਅੰਬੀਆਂ ਨੂੰ ਤਰਸੇਂਗੀ
- ਦੇਹ ਚਰਖੇ ਨੂੰ ਗੇੜਾ
  ਲੋੜ ਨਹੀਂ ਤੋਪਾਂ ਦੀ
- ਤੇਰੇ ਬੰਬਾ ਨੂੰ ਚੱਲਣ ਨਹੀਂ ਦੇਣਾ
  ਗਾਂਧੀ ਦੀ ਅਹਿੰਸਾ ਨੇ

- ਕਿਹੜੀ ਮਾਂ ਨੇ ਭਗਤ ਸਿੰਘ ਜੰਮਿਆ
  ਜੰਗਲਾਂ 'ਚ ਸ਼ੇਰ ਬੁੱਕਦਾ

- ਕਿੱਥੋਂ ਭਾਲੇ ਟੂਟੀਆਂ ਦਾ ਪਾਣੀ
  ਚੰਡੀਗੜ੍ਹ ਰਹਿਣ ਵਾਲੀਏ

- ਵਿੱਦਿਆ ਪੜ੍ਹਾ ਦੇ ਬਾਬਲਾ
  ਕੋਈ ਕਹੇ ਨਾ ਗਰੀਬ ਤੇਰੇ ਮਾਪੇ

- ਮੇਰੀ ਗੁੱਡੀਆਂ ਦੇ ਖੇਡਣ ਵਾਲੀ
  ਉਮਰ ਦੱਬ ਲੀ ਕਬੀਲਦਾਰੀ ਨੇ

- ਕਿਤੇ ਲਿਪਣੇ ਨਾ ਪੈਣ ਬਨੇਰੇ
  ਪੱਕਾ-ਘਰ ਟੋਲੀਂ ਬਾਬਲਾ

- ਗੋਰਾ ਰੰਗ ਤੇ ਸਰਬਤੀ ਅੱਖੀਆਂ
  ਘੁੰਡ ਵਿੱਚ ਕੈਦ ਕੀਤੀਆਂ

- ਸਾਢੇ ਤਿੰਨ ਹੱਥ ਧਰਤੀ ਤੇਰੀ
  ਬਾਹਲੀਆਂ ਜਗੀਰਾਂ ਵਾਲਿਆ

- ਐਮੇਂ ਮਾਣ ਨਾ ਕਰ ਬੰਦਿਆ
  ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ

- ਠਾਣੇਦਾਰ ਦੇ ਬਰੋਬਰ ਡਹਿੰਦੀ
  ਕੁਰਸੀ ਮੇਰੇ ਵੀਰ ਦੀ

- ਚੰਦ ਚੜ੍ਹਿਆ ਬਾਪ ਦੇ ਵਿਹੜੇ
  ਵੀਰ ਘਰ ਪੁੱਤ ਜੰਮਿਆ

- ਕਾਲਾ ਭੂੰਡ ਨਾ ਸਹੇੜੀ ਮੇਰੇ ਬਾਬਲਾ
  ਘਰ ਦਾ ਮਾਲ ਡਰੂ

- ਪੁੱਤ ਸਮਝਾ ਲੈ ਸੱਸੀਏ
  ਸਾਨੂੰ ਗਾਲ਼ ਤੋਂ ਬਿਨਾਂ ਨਾ ਬੋਲੇ

- ਤੇਰੇ ਨਾਲ ਕੀ ਬੋਲਣਾ
  ਵੇ ਜੀਹਨੇ ਮਿਡਲ ਪਾਸ ਨਾ ਕੀਤਾ

- ਰੱਬਾ ਲੱਗ ਨਾ ਕਿਸੇ ਨੂੰ ਜਾਵੇ
  ਗੁੜ ਨਾਲੋਂ ਇਸ਼ਕ ਮਿੱਠਾ
- ਮਿੱਠੀਆਂ ਜੁਬਾਨਾਂ ਵਾਲੇ
  ਮਤਲਬ ਕੱਢ ਲੈਂਦੇ
- ਘਰ-ਘਰ ਪੁੱਤ ਜੰਮਦੇ
  ਜਿਉਣਾ ਮੋੜ ਨੀ ਕਿਸੇ ਨੇ ਬਣ ਜਾਣਾ
- ਜੱਗਾ ਜੰਮਿਆ ਤੇ ਮਿਲਣ ਵਧਾਈਆਂ
  ਵੱਡਾ ਹੋ ਕੇ ਡਾਕੇ ਮਾਰਦਾ
- ਮਾਵਾਂ ਨੂੰ ਪੁੱਤ ਐਂ ਮਿਲਦੇ
  ਜਿਉਂ ਸੁੱਕੀਆਂ ਵੱਲਾਂ ਨੂੰ ਪਾਣੀ
- ਤਿੰਨ ਰੰਗ ਨਹੀਂ ਲੱਭਣੇ
  ਹੁਸਨ, ਜੁਆਨੀ ਤੇ ਮਾਪੇ
- ਇੱਕ ਵੀਰ ਦੇਈਂ ਵੇ ਰੱਬਾ
  ਸਹੁੰ ਖਾਣ ਨੂੰ ਬੜਾ ਚਿੱਤ ਕਰਦਾ
- ਵੀਰਾ ਤੈਨੂੰ ਦੁੱਧ ਦਾ ਛੰਨਾ
  ਤੇਰੇ ਬੋਤੇ ਨੂੰ ਗੁਆਰੇ ਦੀਆਂ ਫਲੀਆਂ
- ਗੋਰਾ ਪੈਰ ਤੇ ਸਲੀਪਰ ਕਾਲੇ
  ਗੱਡੀ ਵਿੱਚੋਂ ਲੱਤ ਲਮਕੇ
- ਦੁੱਧ ਰਿੜਕੇ ਝਾਂਜਰਾ ਵਾਲੀ
  ਕੈਂਠੇ ਵਾਲਾ ਧਾਰ ਕੱਢਦਾ
- ਧਾਰੀ ਬੰਨ ਨਾ ਸੁਰਮਾ ਪਾਈਏ
  ਜੇ ਵਸਣਾ ਸ਼ਰੀਕਾਂ ਦੇ
- ਭੱਤਾ ਲੈ ਕੇ ਖੇਤ ਨੂੰ ਚੱਲੀ
  ਗਲ ਪਾ ਕੇ ਵਾਸਕਟ ਕਾਲੀ
- ਘੁੰਡ ਕੱਢ ਲੈ ਪਤਲੀਏ ਨਾਰੇ
  ਸਹੁਰਿਆਂ ਦਾ ਪਿੰਡ ਆ ਗਿਆ

- ਨਾਲੇ ਧਾਰ ਕੱਢਾਂ ਨਾਲੇ ਰੋਵਾਂ
  ਮਾਹੀ ਮੇਰਾ ਲਾਮ ਨੂੰ ਗਿਆ

- ਨੇਕੀ ਖੱਟ ਬੰਦਿਆਂ
  ਧਰਮ ਰਾਜ ਕੋਲ ਜਾਣਾ

- ਲੱਗੀਆਂ ਦੋਸਤੀਆਂ
  ਹੁਣ ਨਾ ਪੁੱਛਦੀਆਂ ਜਾਤਾਂ

- ਜਿਹੜੀ ਲੱਗ ਗਈ ਪ੍ਰੇਮ ਵਾਲੀ ਡੋਰੀ
  ਤੋੜੀ ਹੋਈ ਟੁੱਟਣੀ ਨਹੀਂ

- ਦੁਨੀਆਂ ਲੱਖ ਵੱਸਦੀ
  ਪਰ ਯਾਰਾਂ ਨਾਲ ਬਹਾਰਾਂ

* * * *

**( ਭਰਮ - ਵਹਿਮ / ਭੁਲੇਖਾ; ਸਿੰਬਲਾ – ਉੱਚਾ ਦਰੱਖਤ; ਅਮਲਾਂ – ਕਰਮ; ਦਮ - ਸਵਾਸ; ਲਾਂਭ ਲਾਂਭ – ਪਾਸੇ ਪਾਸੇ; ਮੁਕਸਰ – ਸ਼੍ਰੀ ਮੁਕਤਸਰ ਸਾਹਿਬ; ਟੋਭਿਆ – ਛੱਪੜ; ਬੰਦ – ਗੁੱਟ ਦਾ ਗਹਿਣਾ; ਫਰੰਗੀ – ਅੰਗਰੇਜ਼; ਦੁਆਬਾ – ਪੰਜਾਬ ਦਾ ਦੋ ਦਰਿਆਵਾਂ ਵਿੱਚਕਾਰਲਾ ਇਲਾਕਾ; ਕਬੀਲਦਾਰੀ – ਘਰ ਪਰਿਵਾਰ ਦੀ ਜ਼ਿੰਮੇਵਾਰੀ; ਬਾਹਲੀਆਂ – ਬਹੁਤੀ ; ਸੱਸੀਏ – ਸੱਸ। )**

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. 'ਟੱਪੇ' ਤੋਂ ਕੀ ਭਾਵ ਹੈ?

ਪ੍ਰਸ਼ਨ 2. ਟੱਪੇ ਦੇ ਦੋ ਲੱਛਣ ਲਿਖੋ?

ਪ੍ਰਸ਼ਨ 3. ਅਧਿਆਤਮਕ ਭਾਵ ਨੂੰ ਪ੍ਰਗਟਾਉਂਦੇ ਦੋ ਟੱਪੇ ਲਿਖੋ।

ਪ੍ਰਸ਼ਨ 4. ਪੇਕੇ ਨਾਲ ਸੰਬੰਧਤ ਟੱਪੇ ਦੀ ਉਦਾਹਰਨ ਲਿਖੋ।

ਪ੍ਰਸ਼ਨ 5. ਆਜ਼ਾਦੀ ਨਾਲ ਸੰਬੰਧਤ ਟੱਪੇ ਦੀ ਉਦਾਹਰਨ ਲਿਖੋ।

ਪ੍ਰਸ਼ਨ 6. ਮਹਾਤਮਾ ਗਾਂਧੀ ਨਾਲ ਸੰਬੰਧਤ ਟੱਪਾ ਲਿਖੋ।

ਪ੍ਰਸ਼ਨ 7. ਸ਼ਹੀਦ ਭਗਤ ਸਿੰਘ ਨਾਲ ਸੰਬੰਧਤ ਟੱਪਾ ਲਿਖੋ।

ਪ੍ਰਸ਼ਨ 8. 'ਵਿੱਦਿਆ ਪੜ੍ਹਾ ਦੇ ਬਾਬਲਾ
ਕੋਈ ਕਹੇ ਨਾ ਗਰੀਬ ਤੇਰੇ ਮਾਪੇ'
ਉਪਰੋਕਤ ਟੱਪੇ ਦੀ ਵਿਆਖਿਆ ਕਰੋ।

ਪ੍ਰਸ਼ਨ 9. ਜੱਗੇ ਤੇ ਜਿਉਣੇ ਮੌੜ ਨਾਲ ਸੰਬੰਧਤ ਟੱਪੇ ਲਿਖੋ।

ਪ੍ਰਸ਼ਨ 10. 'ਮਾਵਾਂ ਨੂੰ ਪੁੱਤ ਐਂ ਮਿਲਦੇ ਜਿਉਂ ਸੁੱਕੀਆਂ ਵੱਲਾਂ ਨੂੰ ਪਾਣੀ' ਟੱਪੇ ਤੋਂ ਕੀ ਭਾਵ ਹੈ?

ਪ੍ਰਸ਼ਨ 11. ਗਹਿਣਿਆਂ ਨਾਲ ਸੰਬੰਧਤ ਕੋਈ ਇੱਕ ਟੱਪਾ ਲਿਖੋ।

ਪ੍ਰਸ਼ਨ 12. ਯਾਰੀ ਦੋਸਤੀ ਨਾਲ ਸੰਬੰਧਤ ਕੋਈ ਇੱਕ ਟੱਪਾ ਲਿਖੋ।

ਪ੍ਰਸ਼ਨ 13. ਕੋਈ 10 ਟੱਪੇ ਲਿਖੋ ਉਹਨਾਂ ਦੇ ਵਿਸ਼ੇ ਵੀ ਲਿਖੋ।